**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

1) ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.) ਪੰਜਾਬ

2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਪੰਜਾਬ

ਮੀਮੋ ਨੰ. 2/274-2010/SSA/CW/61838-61877
ਮਿਤੀ: 29 ਸਤੰਬਰ, 2010

ਵਿਸ਼ਾ- ਸਾਲ 2010-11 ਦੌਰਾਨ ਸਰਵ ਸਿੱਖਿਆ ਅਭਿਆਨ ਤਹਿਤ ਅੱਪਰ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਫਰਨੀਚਰ ਖਰੀਦਣ ਸਬੰਧੀ ਹਦਾਇਤਾਂ।

1.0 ਸਰਵ ਸਿੱਖਿਆ ਅਭਿਆਨ ਅਧੀਨ ਭਾਰਤ ਸਰਕਾਰ ਦੁਆਰਾ ਸਾਲ 2010-11 ਦੌਰਾਨ ਸਿਵਲ ਵਰਕਸ ਅਧੀਨ ਵੱਖ-ਵੱਖ ਜ਼ਿਲਿਆਂ ਲਈ 6ਵੀ, 7ਵੀ ਅਤੇ 8ਵੀ ਜਮਾਤ ਦੇ ਵਿਦਿਆਰਥੀਆਂ ਲਈ 500 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕੁੱਲ ਰੁਪਏ 157.41 ਲੱਖ (ਫਿਰੋਜ਼ਪੁਰ 106.170 ਲੱਖ, ਕਪੂਰਥਲਾ 3.815 ਲੱਖ, ਰੋਪੜ 13.06 ਲੱਖ ਅਤੇ ਸੰਗਰੂਰ 32.365 ਲੱਖ) ਫਰਨੀਚਰ ਗ੍ਰਾਂਟ ਦੀ ਮੰਨਜੂਰੀ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀਆਂ ਲਈ ਡਿਊਲ ਡੈਸਕ ਦੀ ਖਰੀਦ ਕੀਤੀ ਜਾਵੇਗੀ।

2.0 ਇਹ ਵੀ ਜਿਕਰ ਯੋਗ ਹੈ ਕਿ ਸਾਲ 2010-11 ਦੀ ਸਲਾਨਾ ਪਲਾਨ ਤਹਿਤ ਅੱਪਰ ਪ੍ਰਾਇਮਰੀ ਸਕੂਲਾਂ ਲਈ ਕੁੱਲ 601 ਵਾਧੂ ਕਮਰਿਆਂ ਲਈ 1682.80 ਲੱਖ ਰੁਪਏ ਦੀ ਰਾਸ਼ੀ @ 2.80 ਲੱਖ ਰੁਪਏ ਪ੍ਰਤੀ ਕਲਾਸਰੂਮ ਵੀ ਮੰਨਜੂਰ ਹੋਈ ਹੈ, ਪਰੰਤੂ ਸਕੂਲ ਮੁੱਖੀਆਂ ਅਤੇ ਜਿਲ੍ਹਾ ਮੁੱਖੀਆਂ ਵਲੋਂ ਦਿੱਤੇ ਗਏ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਦੁਆਰਾ ਇਹ ਫੈਸਲਾ ਲਿਆ ਗਿਆ ਹੈ ਕਿ ਵੱਖ ਵੱਖ ਸਕੂਲਾਂ ਵਿੱਚ ਕਮਰਿਆਂ ਦੀ ਲੋੜ ਤੋਂ ਕਿਤੇ ਜਿਆਦਾ ਜਰੂਰੀ ਹੈ ਕਿ ਪਹਿਲਾਂ ਬੱਚਿਆਂ ਲਈ ਫਰਨੀਚਰ ਮੁਹੱਈਆ ਕੀਤਾ ਜਾਵੇ।

3.0 ਇਹ ਵੀ ਫੈਸਲਾ ਲਿਆ ਗਿਆ ਹੈ ਕਿ ਇਸ ਲੋੜ ਨੂੰ ਪੂਰਾ ਕਰਨ ਲਈ ਫਰਨੀਚਰ ਗ੍ਰਾਂਟ ਦੇ ਨਾਲ-ਨਾਲ ਵਾਧੂ ਕਮਰਿਆਂ ਦੀ ਗ੍ਰਾਂਟ ਨੂੰ ਵੀ ਵਰਤੋ ਵਿੱਚ ਲਿਆਂਦਾ ਜਾਵੇ। ਬਾਕੀ ਬੱਚੀ ਵਾਧੂ ਕਮਰਿਆਂ ਦੀ ਗ੍ਰਾਂਟ ਨੂੰ ਕਮਰਿਆਂ ਦੀ ਉਸਾਰੀ ਲਈ ਵੱਰਤ ਲਿਆ ਜਾਵੇ।

4.0 ਅੱਪਰ ਪ੍ਰਾਇਮਰੀ ਪਧੱਰ ਤੋਂ ਬੱਚਿਆਂ ਲਈ ਲੋੜੀਂਦੀ ਡਿਊਲ ਡੈਸਕ ਬਾਬਤ ਸੂਚਨਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਪਾਸੋਂ ਪ੍ਰਾਪਤ ਕੀਤੀ ਜਾ ਚੁੱਕੀ ਹੈ। ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਵੱਖ ਵੱਖ ਸਕੂਲਾਂ ਦੀ ਲੋੜ ਅਨੁਸਾਰ 6, 7 ਅਤੇ 8 ਜਮਾਤ ਦੇ ਵਿਦਿਆਰਥੀਆਂ ਲਈ ਡਿਊਲ ਡੈਸਕ ਨਾਲ ਨੱਥੀ **ਅਨੁਲੱਗ ੳ ਅਤੇ ਅ** ਅਨੁਸਾਰ ਹੇਠ ਦਰਸਾਏ ਵੇਰਵੇ ਮੁਤਾਬਕ ਸਬੰਧਤ ਪੇਂਡੂ ਵਿਕਾਸ ਕਮੇਟੀਆਂ ਦੇ ਰਾਂਹੀ ਖਰੀਦ ਲਏ ਜਾਣ:-

### i) ਡਿਊਲ ਡੈਸਕ ਦੀ ਪੈਮਾਇਸ਼:-

- ਡਿਊਲ ਡੈਸਕ ਦਾ ਸਾਈਜ਼:

| | ਲੰਬਾਈ | ਚੌੜਾਈ | ਉਚਾਈ |
|---|---|---|---|
| ਟੇਬਲ | 36" | 14" | 30" |
| ਸੀਟ | 36" | 10" | 18" |

- ਇਸ ਵਿੱਚ 1" ਸੁਕੇਅਰ ਪਾਈਪ ( 18 ਗੇਜ) ਦਾ ਹੋਵੇਗਾ ਅਤੇ ਐਂਗਲ ਫਰੇਮ 3/4" ਦਾ (14 ਗੇਜ) ਹੋਵੇਗਾ ,ਜਿਸ ਵਿੱਚ ਲੱਕੜੀ ਦਾ ਪਾਰਟੀਕਲ ਬੋਰਡ (ਦੋਨੋਂ ਪਾਸਿਆਂ ਤੋਂ ਲੈਮੀਨੇਟਿਡ) ਲੱਗਿਆ ਹੋਵੇਗਾ।
- ਫਰੇਮ ਦਾ ਭਾਰ = **ਲੱਗਭੱਗ** 11.0 ਕਿਲੋਗਰਾਮ (ਪਾਰਟੀਕਲ ਬੋਰਡ ਤੋਂ ਬਿਨਾਂ)

### ii) ਡਿਊਲ ਡੈਸਕ ਦੀ ਖਰੀਦ ਦੀ ਵਿਧੀ

- ਡਿਊਲ ਡੈਸਕ ਦੀ ਖਰੀਦ ਜ਼ਿਲ੍ਹਾ ਜਾਂ ਬਲਾਕ ਲੈਵਲ ਤੇ ਬਿਲਕੁੱਲ ਨਹੀਂ ਕੀਤੀ ਜਾਵੇਗੀ ਬਲਕਿ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਮੁਤਾਬਿਕ ਸਬੰਧਤ ਸਕੂਲ ਦੀ ਪਸਵਕ ਦੁਆਰਾ ਹੀ ਕੀਤੀ ਜਾਵੇਗੀ।
- ਖਰੀਦਿਆ ਹੋਇਆ ਫਰਨੀਚਰ ਉਪਰੋਕਤ ਦਰਸਾਈ ਪੈਮਾਇਸ਼ ਅਨੁਸਾਰ ਅਤੇ ਵਧੀਆ ਕੁਆਲਿਟੀ ਦਾ ਹੋਣਾ ਚਾਹੀਦਾ ਹੈ।
- ਖਰੀਦੇ ਹੋਏ ਫਰਨੀਚਰ ਦਾ ਰਿਕਾਰਡ ਸਕੂਲ ਦੇ ਸਟਾਕ ਰਜਿਸਟਰ ਵਿੱਚ ਹੋਣਾ ਯਕੀਨੀ ਬਣਾਇਆ ਜਾਵੇਗਾ।
- ਇਹ ਫਰਨੀਚਰ ਅੱਪਰ ਪ੍ਰਾਇਮਰੀ ਸਕੂਲਾਂ ਲਈ ਖਰੀਦਿਆ ਜਾਣਾ ਹੈ ਜ਼ੋ ਕਿ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਦੇ ਕੰਟਰੋਲ ਅਧੀਨ ਆਉਂਦੇ ਹਨ। ਇਸ ਲਈ ਡਿਊਲ

ਡੈਸਕ ਦੀ ਖਰੀਦ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਦੀ ਦੇਖ-ਰੇਖ ਵਿੱਚ ਯਕੀਨੀ ਬਣਾਈ ਜਾਵੇਗੀ।

➢ ਜੇਕਰ ਕਿਸੇ ਸਕੂਲ ਦੀ ਪਸਵਕ ਦੁਆਰਾ ਘਟੀਆ ਮਿਆਰ ਦਾ ਫਰਨੀਚਰ ਖਰੀਦਿਆ ਜਾਂਦਾ ਹੈ ਤਾਂ ਉਸਦੀ ਸਿੱਧੀ ਜਿਮੇਵਾਰੀ ਸਬੰਧਤ ਸਕੂਲ ਦੀ ਪਸਵਕ, ਮੈਂਬਰ ਸਕੱਤਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਦੀ ਹੋਵੇਗੀ।

➢ ਫਰਨੀਚਰ ਦੀ ਖਰੀਦ ਸੰਬਧੀ ਲੋੜੀਂਦੀ ਰਾਸ਼ੀ ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ (ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ)) ਦੁਆਰਾ ਮੁਹੱਈਆ ਕਰਵਾਈ ਜਾਵੇਗੀ ਅਤੇ ਫਰਨੀਚਰ ਦੀ ਖਰੀਦ ਉਪਰੰਤ ਵਰਤੋ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ। ਫਰਨੀਚਰ ਦੀ ਕੁਆਲਟੀ ਬਾਰੇ ਵਿਸ਼ੇਸ ਧਿਆਨ ਰੱਖਿਆ ਜਾਵੇਗਾ।

**4.0** ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ ਐ.ਸਿੱ.) ਪੰਜਾਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਡਿਊਲ ਡੈਸਕ ਦੀ ਖਰੀਦ ਸੰਬੰਧੀ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਨੱਥੀ: ਅਨੁਲੱਗ ੳ ਅਤੇ ਅ ਅਨੁਸਾਰ**

**-ਸਹੀ-**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ।**

**ਪਿੱਠ ਅੰਕਣ ਨੰ:** 2/274–2010/**SSA/CW/ 61878-61897** **ਮਿਤੀ** **29/09/10**

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰ ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚ ਲੋੜੀਂਦਾ ਫਰਨੀਚਰ ਚੰਗੀ ਕੁਆਲਟੀ ਦਾ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ।

**-ਸਹੀ-**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ।**